Alberta

**ਨਿਊਜ਼ ਰਿਲੀਜ਼**

# ਵਿਦਿਆਰਥੀ ਦਾਖਲਿਆਂ ਲਈ ਵਧੇਰੇ ਫੰਡਿੰਗ

28 ਨਵੰਬਰ 2023 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਸਕੂਲ ਅਥਾਰਿਟੀਆਂ ਨੂੰ ਦਾਖਲਿਆਂ ਦੇ ਵਾਧੇ ਨਾਲ ਵਧੇਰੇ ਚੰਗੀ ਤਰ੍ਹਾਂ ਨਿਪਟਣ ਦੇ ਯੋਗ ਬਣਾਉਣ ਲਈ 30 ਮਿਲੀਅਨ ਡਾਲਰ ਦਾ ਇਕ ਵਧੀਕ ਪੂੰਜੀ-ਨਿਵੇਸ਼ ਕਰ ਰਹੀ ਹੈ।

ਇਸ ਸਾਲ, ਸਕੂਲ ਅਥਾਰਿਟੀਆਂ ਦਾਖਲਿਆਂ ਵਿਚ ਆਸ ਨਾਲੋਂ ਜ਼ਿਆਦਾ ਵਾਧੇ ਦਾ ਅਨੁਭਵ ਕਰ ਰਹੀਆਂ ਹਨ। ਵਿਦਿਆਰਥੀਆਂ ਨੂੰ  ਚੰਗੇਰੀ ਕਿਸਮ ਦੀ ਸਹਾਇਤਾ ਦੇਣ ਲਈ ਐਲਬਰਟਾ ਸਰਕਾਰ 2023-24 ਸਕੂਲ ਵਰ੍ਹੇ ਲਈ 30 ਮਿਲੀਅਨ ਡਾਲਰ ਦੀ ਇਕ ਵਧੀਕ ਫੰਡਿੰਗ ਮੁਹੱਈਆ ਕਰ ਰਹੀ ਹੈ।

ਸਕੂਲ ਅਥਾਰਿਟੀਆਂ ਸਿਫਰ ਅਤੇ 100 ਦੇ ਦਰਮਿਆਨ ਅਸਲ ਦਾਖਲਾ ਵਾਧੇ ਲਈ ਪ੍ਰਤਿ ਵਿਦਿਆਰਥੀ 1,500 ਡਾਲਰ ਅਤੇ ਵਾਧੇ ਦੇ 100 ਵਿਦਿਆਰਥੀਆਂ ਤੋਂ ਉੱਪਰ ਲੰਘ ਜਾਣ 'ਤੇ 2,000 ਡਾਲਰ ਪ੍ਰਤਿ ਵਿਦਿਆਰਥੀ  ਪ੍ਰਾਪਤ ਕਰਨਗੀਆਂ।

"ਐਲਬਰਟਾ  ਕੈਨੇਡਾ ਭਰ ਤੋਂ ਅਤੇ ਦੁਨੀਆਂ ਭਰ 'ਚੋਂ  ਲੋਕਾਂ ਨੂੰ ਖਿੱਚਣਾ ਜਾਰੀ ਰੱਖ ਰਿਹਾ ਹੈ। ਹਾਲ ਹੀ ਵਿਚਲੇ ਮਹੀਨਿਆਂ 'ਚ ਅਸੀਂ ਐਲਬਰਟਾ 'ਚ ਬਹੁਤ ਸਾਰੇ ਨਵੇਂ ਆਇਆਂ ਨੂੰ ਵੇਖਿਆ ਹੈ, ਜਿਸਦਾ ਮਤਲਬ ਕਿ ਸਾਡੇ ਸਕੂਲਾਂ 'ਚ ਵਧੇਰੇ ਬੱਚੇ ਰਜਿਸਟਰ ਹੋਣਗੇ। ਅਸੀਂ ਜਾਣਦੇ ਹਾਂ ਕਿ ਸਕੂਲ ਦਾਖਲਿਆਂ ਦੇ ਦਬਾਉ ਦਾ ਸਾਹਮਣਾ  ਕਰ ਰਹੇ ਹਨ, ਇਸ ਲਈ ਅਸੀਂ ਸਕੂਲ ਅਥਾਰਿਟੀਆਂ ਨੂੰ ਵਧੇਰੇ ਫੰਡਿੰਗ ਮੁਹੱਈਆ ਕਰ ਰਹੇ ਹਾਂ ਤਾਂ ਜੋ ਸਕੂਲਾਂ ਅਤੇ ਵਿਦਿਆਰਥੀਆਂ ਦੀ ਚੰਗੇਰੀ ਸਹਾਇਤਾ ਹੋ ਸਕੇ। ਇਹ ਬੱਜਟ 2023 ਵਿਚ ਕੀਤੇ ਗਏ ਇਤਿਹਾਸਕ ਵਿਦਿਅਕ ਪੂੰਜੀ-ਨਿਵੇਸ਼ ਦੇ ਸਪਲੀਮੈਂਟ ਹਨ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

ਦਾਖਲਿਆਂ 'ਚ ਵਾਧੇ ਦੀ ਸਪਲੀਮੈਂਟਲ ਗਰਾਂਟ ਦੇ ਰਾਹੀਂ ਸਕੂਲ ਅਥਾਰਿਟੀਆਂ ਨੂੰ ਫੰਡਿੰਗ ਦਸੰਬਰ 'ਚ ਅਲਾਟ ਕੀਤੀ ਜਾਵੇਗੀ। ਮੌਜੂਦਾ ਸਕੂਲ ਵਰ੍ਹੇ ਵਾਸਤੇ ਦਾਖਲਿਆਂ 'ਚ ਵਾਧੇ ਦੀ ਸਪਲੀਮੈਂਟਲ ਗਰਾਂਟ 'ਚ ਸੋਧ ਕੀਤੀ ਗਈ ਹੈ ਤਾਂ ਕਿ ਸਾਰੀਆਂ ਸਕੂਲ ਅਥਾਰਿਟੀਆਂ ਜਿਹੜੀਆਂ ਵਾਧਾ ਅਨੁਭਵ ਕਰ ਰਹੀਆਂ ਹਨ, ਹੁਣ ਪ੍ਰਤਿ ਵਿਦਿਆਰਥੀ ਵਧੀਕ ਫੰਡਿੰਗ ਪ੍ਰਾਪਤ ਕਰਨਗੀਆਂ।

ਪਿਛਲੇ ਸਕੂਲ ਵਰ੍ਹੇ 'ਚ ਕੇਵਲ ਦੋ ਪ੍ਰਤਿਸ਼ਤ ਤੋਂ ਜ਼ਿਆਦਾ ਦਾਖਲਾ ਵਾਧੇ ਵਾਲੀਆਂ ਸਕੂਲ ਅਥਾਰਿਟੀਆਂ ਹੀ ਗਰਾਂਟ ਵਾਸਤੇ ਯੋਗ ਬਣਦੀਆਂ ਸਨ। 2023-24 ਸਕੂਲ ਵਰ੍ਹੇ ਵਾਸਤੇ ਅਥਾਰਿਟੀਆਂ ਨੂੰ ਪਿਛਲੇ ਸਕੂਲ ਵਰ੍ਹੇ ਦੇ ਆਧਾਰ 'ਤੇ ਜਾਂ ਸੋਧੇ ਹੋਏ ਫਾਰਮੂਲੇ ਦੇ ਆਧਾਰ 'ਤੇ, ਜਿਸ ਅਨੁਸਾਰ ਵੀ ਵੱਧ ਫੰਡਿੰਗ ਮੁਹੱਈਆ ਹੁੰਦੀ ਹੋਵੇਗੀ, ਫੰਡਿੰਗ ਅਲਾਟ ਕੀਤੀ ਜਾਵੇਗੀ।

"ਐਲਬਰਟਾ ਦੇ ਸਥਾਨਕ ਚੁਣੇ ਗਏ ਪਬਲਿਕ, ਕੈਥੋਲਿਕ ਅਤੇ ਫਰੈਂਕੋਫੋਨ ਸਕੂਲ ਬੋਰਡ ਦਾਖਲਿਆਂ 'ਚ ਮਹੱਤਵਪੂਰਨ ਵਾਧੇ ਨੂੰ ਅਨੁਭਵ ਕਰਨਾਂ ਜਾਰੀ ਰੱਖ ਰਹੇ ਹਨ ਅਤੇ ਇਸ ਨਾਲ, ਵਿਦਿਆਰਥੀਆਂ ਦੀ ਗਿਣਤੀ, ਜਿਸਨੂੰ ਮਾਨਸਿਕ ਸਿਹਤ ਸਹਾਇਤਾ, ਸਿੱਖਣ ਅਤੇ ਅਗੇਤੇ ਦਖਲ ਅਤੇ ਅੰਗਰੇਜ਼ੀ ਦੇ ਇਕ ਵਾਧੂ ਵਿਸ਼ੇ ਵਜੋਂ ਸਿੱਖਣ ਦੀ ਜ਼ਰੂਰਤ ਹੈ, ਨਾਲ ਵਿਦਿਆਰਥੀ ਜਨਸੰਖਿਆ 'ਚ ਪੇਚੀਦਗੀਆਂ ਦਾ ਵਾਧਾ ਹੋਇਆ ਹੈ। ਐਲਬਰਟਾ ਸਕੂਲ ਬੋਰਡਜ਼ ਐਸੋਸੀਏਸ਼ਨ ਵੱਲੋਂ ਸਕੂਲ ਬੋਰਡਾਂ ਨੂੰ ਵਿਦਿਆਰਥੀਆਂ ਦੀ ਕਾਮਯਾਬੀ ਯਕੀਨੀ ਬਣਾਉਣ 'ਚ ਮਦਦ ਕਰਨ ਲਈ ਸਰਕਾਰ ਵੱਲੋਂ ਇਸ ਵਧੀਕ ਪੂੰਜੀ-ਨਿਵੇਸ਼ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ।"

*Marilyn Dennis, ਪ੍ਰੈਜ਼ੀਡੈਂਟ, ਐਲਬਰਟਾ ਸਕੂਲ ਬੋਰਡਜ਼ ਐਸੋਸੀਏਸ਼ਨ*

"ਅਸੀਂ ਧੰਨਵਾਦੀ ਹਾਂ ਕਿ ਸਰਕਾਰ ਦਾਖਲਿਆਂ 'ਚ ਇਤਿਹਾਸਕ ਵਾਧੇ ਅਤੇ ਕੈਲਗਰੀ ਬੋਰਡ ਆਫ ਐਜੂਕੇਸ਼ਨ ਭਰ ਦੇ ਸਕੂਲਾਂ ਦੀਆਂ ਵਧ ਰਹੀਆਂ ਪੇਚੀਦਗੀਆਂ ਦੀ ਜਵਾਬਦੇਹੀ ਕਰ ਹੈ। ਇਹ ਫੰਡਿੰਗ ਸਾਨੂੰ ਵਿਦਿਆਰਥੀਆਂ ਦੀ ਸਹਾਇਤਾ ਲਈ ਵਧੀਕ ਅਧਿਆਪਕ ਅਤੇ ਸਕੂਲ-ਆਧਾਰਿਤ ਸਟਾਫ ਭਰਤੀ ਕਰ ਸਕਣ ਦੇ ਯੋਗ ਬਣਾਵੇਗੀ।"

*Laura Hack, ਬੋਰਡ ਚੇਅਰ, ਕੈਲਗਰੀ ਆਫ ਐਜੂਕੇਸ਼ਨ*

"ਸਾਡਾ ਜ਼ਿਲਾ ਬੇਮਿਸਾਲ ਕਿਸਮ ਦੇ ਵਾਧੇ ਦਾ ਅਨੁਭਵ ਕਰ ਰਿਹਾ ਹੈ। ਸਤੰਬਰ 2022 ਤੋਂ ਸਤੰਬਰ 2023 ਤੱਕ ਦਾਖਲੇ 'ਚ 4.6 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ, ਅਤੇ ਅਸੀਂ ਨਵੇਂ ਵਿਦਿਆਰਥੀਆਂ ਦਾ ਸਵਾਗਤ ਕਰਨਾਂ ਜਾਰੀ ਰੱਖ ਰਹੇ ਹਾਂ। ਅਸੀਂ ਆਪਣੀ ਵਧ ਰਹੀ ਵਿਦਿਆਰਥੀ ਜਨਸੰਖਿਆ ਦੀਆਂ ਵਿਭਿੰਨ ਪ੍ਰਕਾਰ ਦੀਆਂ ਲੋੜਾਂ 'ਚ ਸਹਾਇਤਾ ਕਰਨ ਲਈ ਸਰਕਾਰ ਵੱਲੋਂ ਵਧੀਕ ਫੰਡਿੰਗ ਵਾਸਤੇ ਉਸਦੇ ਧੰਨਵਾਦੀ ਹਾਂ।"

*Shannon Cook, ਬੋਰਡ ਚੇਅਰ, ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ*

"ਅਸੀਂ ਆਪਣੇ ਦਾਖਲਿਆਂ ਦੇ ਅਨੁਮਾਨਾਂ ਦੀ ਸਹੀ ਰੂਪ 'ਚ ਪੂਰਵ-ਜਾਣਕਾਰੀ ਵਾਸਤੇ ਵਾਹ ਲਗਾ ਰਹੇ ਹਾਂ, ਪਰੰਤੂ ਕੁਝ ਪੱਖ ਅਣ-ਅਨੁਮਾਨਤ ਹਨ। ਦੋ ਪ੍ਰਤਿਸ਼ਤ ਵਾਧੇ ਦੀ ਹੱਦ ਨੂੰ ਖਤਮ ਕਰਨ ਅਤੇ ਹਰੇਕ ਹੀ ਵਿਦਿਆਰਥੀ ਨੂੰ ਮਾਨਤਾ ਦੇਣ ਦੁਆਰਾ, ਅਸੀਂ ਮੰਗ ਨੂੰ ਚੰਗੇਰੇ ਤਰੀਕੇ ਨਾਲ ਨਜਿੱਠਣ ਲਈ ਵਧੇਰੇ ਫੰਡਿੰਗ ਪ੍ਰਾਪਤ ਕਰਾਂਗੇ। ਹਰੇਕ ਡਾਲਰ ਜੋ ਅਸੀਂ ਆਪਣੇ ਵਿਦਿਆਰਥੀਆਂ 'ਚ ਨਿਵੇਸ਼ ਕਰਦੇ ਹਾਂ ਉਹ ਐਲਬਰਟਾ ਦੇ ਭਵਿੱਖ 'ਚ ਇਕ ਨਿਵੇਸ਼ ਹੈ।"

*Sandra Palazzo, ਬੋਰਡ ਚੇਅਰ, ਐਡਮਿੰਟਨ ਕੈਥੋਲਿਕ ਸਕੂਲ ਡਿਵੀਜ਼ਨ*

“ਐਡਮੰਟਨ ਪਬਲਿਕ ਸਕੂਲਜ਼ ਸਾਡੇ ਕਲਾਸਰੂਮਾਂ ‘ਚ ਸਹਾਇਤਾ ਵਾਸਤੇ ਫੰਡਿੰਗ ਲਈ ਸ਼ੁਕਰਗੁਜ਼ਾਰ ਹੈ, ਜਦੋਂ ਕਿ ਹਰੇਕ ਸਾਲ ਸਾਡੇ ਵਿਦਿਆਰਥੀਆਂ ‘ਚ 5,000 ਦਾ ਵਾਧਾ ਹੋ ਰਿਹਾ ਹੈ। ਅਸੀਂ ਫੰਡਿੰਗ ਫਾਰਮੂਲੇ ਵਾਸਤੇ ਸੂਬਾਈ ਸਰਕਾਰ ਨਾਲ ਭਵਿੱਖ ‘ਚ ਗੱਲਬਾਤ ਕਰਨ ਦੀ ਆਸ ਕਰਦੇ ਹਾਂ।”

*Julie Kusiek, ਬੋਰਡ ਚੇਅਰ, ਐਡਮੰਟਨ ਪਬਲਿਕ ਸਕੂਲਜ਼*

ਅਗਲੇ ਤਿੰਨ ਸਾਲਾਂ ਦੌਰਾਨ, ਦਾਖਲਿਆਂ ‘ਚ ਵਾਧੇ ਨਾਲ ਨਜਿੱਠਣ ਵਾਸਤੇ ਐਲਬਰਟਾ ਸਰਕਾਰ ਸਕੂਲ ਡਿਵੀਜ਼ਨਾਂ ਨੂੰ 820 ਮਿਲੀਅਨ ਡਾਲਰ ਤੋਂ ਵਧੇਰੇ ਰਕਮ ਮੁਹੱਈਆ ਕਰ ਰਹੀ ਹੈ। ਇਹ ਫੰਡਿੰਗ ਵਧੀਕ ਅਧਿਆਪਕ ਅਤੇ ਕਲਾਸਰੂਮ ਸਹਾਇਤਾ ਸਟਾਫ ਭਰਤੀ ਕਰਨ ਵਾਸਤੇ ਵਰਤੀ ਜਾ ਸਕਦੀ ਹੈ, ਇੰਜ ਸਕੂਲ ਅਥਾਰਿਟੀਆਂ ਕਲਾਸਾਂ ਦੇ ਸਾਈਜ਼ ਅਤੇ ਵਿਦਿਆਰਥੀਆਂ ਦੀ ਵਧਦੀ ਗਿਣਤੀ ਦਾ ਪ੍ਰਬੰਧਨ ਕਰ ਸਕਦੀਆਂ ਹਨ। ਹੋਰ ਵਧੇਰੇ 126 ਮਿਲੀਅਨ ਡਾਲਰ ਨਵੀਂ ਫੰਡਿੰਗ ਵਜੋਂ ਤਿੰਨ ਸਾਲਾਂ ਦੌਰਾਨ ਮੁਹੱਈਆ ਕੀਤਾ ਜਾ ਰਿਹਾ ਹੈ, ਇੰਜ ਸਕੂਲ ਅਥਾਰਿਟੀਆਂ ਪੇਚੀਦਾ ਕਿਸਮ ਦੇ ਕਲਾਸਰੂਮਾਂ ‘ਚ ਵਧੇਰੇ ਸਹਾਇਤਾ ਅਤੇ ਵਿਦਿਆਰਥੀਆਂ ‘ਤੇ ਕੇਂਦਰਿਤ ਸਮਾਂ ਅਤੇ ਧਿਆਨ, ਜਿਸਦੀ ਉਨ੍ਹਾਂ ਨੂੰ ਲੋੜ ਹੈ, ਦੇ ਸਕਦੀਆਂ ਹਨ।

## ਫੌਰੀ ਤੱਥ

- 2023-24 ਦੇ ਵਿੱਤੀ ਵਰ੍ਹੇ ‘ਚ ਇਕ ਰਿਕਾਰਡ ਰਕਮ 8.8 ਮਿਲੀਅਨ ਡਾਲਰ ਸਿੱਖਿਆ ਉਪਰ ਖਰਚੀ ਜਾਵੇਗੀ, ਜਿਹੜੀ 44 ਮਿਲੀਅਨ ਡਾਲਰ ਰਹੇਕ ਦਿਨ ਲਈ ਹੈ, ਜਿਹੜੇ ਦਿਨ ਵਿਦਿਆਰਥੀ ਸਕੂਲ ਵਿਚ ਹੁੰਦੇ ਹਨ।
- ਐਲਬਰਟਾ ਸਰਕਾਰ ਆਉਂਦੇ ਤਿੰਨ ਸਾਲਾਂ ਦੌਰਾਨ ਨਵੇਂ ਅਤੇ ਆਧੁਨਿਕ ਸਕੂਲਾਂ ਲਈ 2.3 ਬਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰ ਰਹੀ ਹੈ।
- 2023 ਦੇ ਬੱਜਟ ਵਿਚ ਐਲਬਰਟਾ ਸਰਕਾਰ ਨੇ 58 ਤਰਜੀਹੀ ਸਕੂਲ ਪ੍ਰਾਜੈਕਟਾਂ ਲਈ ਸਹਾਇਤਾ ਦਾ ਐਲਾਨ ਕੀਤਾ, ਜਿਹੜੇ ਨਵੀਂਆਂ ਅਤੇ ਸੁਧਰੀਆਂ ਹੋਈਆਂ ਵਿਦਿਆਰਥੀ ਆਸਾਮੀਆਂ ਮੁਹੱਈਆ ਕਰਨਗੇ, ਨਵੀਂਆਂ ਨੌਕਰੀਆਂ ਪੈਦਾ ਕਰਨਗੇ ਅਤੇ ਕਮਿਊਨਿਟੀਆਂ ਦੀ ਸਹਾਇਤਾ ਕਰਨਗੇ।
- 2023 ਕੈਪੀਟਲ ਪਲੈਨ ‘ਚ 33 ਸਕੂਲ ਪ੍ਰਾਜੈਕਟਾਂ ਲਈ 372 ਮਿਲੀਅਨ ਡਾਲਰ ਦੀ ਰਕਮ ਸ਼ਾਮਲ ਹੈ ਜੋ ਨਵੀਆਂ ਅਤੇ ਸੁਧਰੀਆਂ ਹੋਈਆਂ ਵਿਦਿਆਰਥੀ ਆਸਾਮੀਆਂ ਮੁਹੱਈਆ ਕਰੇਗੀ, ਨਵੀਆਂ ਨੌਕਰੀਆਂ ਪੈਦਾ ਕਰੇਗੀ ਅਤੇ ਐਲਬਰਟਾ ਦੀਆਂ ਕਮਿਊਨਿਟੀਆਂ ਨੂੰ ਮੁੜ-ਜੀਵੰਤ ਕਰੇਗੀ।
  ਇਸ ‘ਚ ਸ਼ਾਮਲ ਹੈ:
  - 10 ਨਵੇਂ ਸਕੂਲ
  - 16 ਪ੍ਰਤਿਸਥਾਪਤ ਸਕੂਲ
  - 7 ਆਧੁਨਿਕੀਕਰਨ
- ਇਹ ਪ੍ਰਾਜੈਕਟ 9,400 ਤੋਂ ਵਧੇਰੇ ਨਵੀਆਂ ਵਿਦਿਆਰਥੀ ਆਸਾਮੀਆਂ ਪੈਦਾ ਕਰਨਗੇ ਅਤੇ 15,500 ਤੋਂ ਵਧੇਰੇ ਵਿਦਿਆਰਥੀਆਂ ਆਸਾਮੀਆਂ ਨੂੰ ਅੱਪਗਰੇਡ ਕਰਨਗੇ।

## ਸਬੰਧਤ ਖਬਰਾਂ

- ਕਲਾਸਰੂਮਾਂ 'ਚ ਵਧੇਰੇ ਵਿਦਿਆਰਥੀਆਂ ਦੀ ਸਹਾਇਤਾ ਕਰਨਾਂ | Appuyer un plus grand nombre d'élèves dans les classes (9 ਮਾਰਚ 2023)
- ਐਲਬਰਟਾ ਦੇ ਕਲਾਸਰੂਮਾਂ 'ਚ ਜਾ ਰਹੀ ਵਧੇਰੇ ਫੰਡਿੰਗ | Plus de financement pour les salles de classe de l'Alberta (20 ਮਾਰਚ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ